## *ਨਾਨਕ ਇਹ ਬਿਧਿ ਹਰਿ ਭਜਉ*

(*ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ'*)

ਕਿਸੇ ਜੀਵ ਵਿੱਚ ਔਗੁਣ ਵੀ ਹੋ ਸਕਦੇ ਹਨ ਤੇ ਸਦਗੁਣ ਵੀ। ਕੁੱਤਾ ਵੀ ਜੀਵ ਹੈ। ਕੁੱਤੇ ਵਿੱਚ ਔਗੁਣ ਵੀ ਹਨ ਤੇ ਗੁਣ ਵੀ ਹਨ ।

ਕੁੱਤੇ ਵਿੱਚ ਇੱਕ ਵਧੀਆ ਗੁਣ ਹੈ, ਉਸ ਦਾ ਆਪਣੇ ਮਾਲਕ ਪ੍ਰਤੀ ਵਫ਼ਾਦਾਰ ਹੋਣਾ । ਮਾਲਕ ਉਸ ਨੂੰ ਚੰਗਾ ਭੋਜਨ ਦਏ ਜਾਂ ਮਾੜਾ, ਕੁੱਤਾ ਆਪਣੇ ਮਾਲਕ ਦਾ ਸਾਥ ਨਹੀਂ ਛੱਡਦਾ । ਮਾਲਕ ਉਸ ਦੀ ਕੁੱਟ-ਮਾਰ ਕਰੇ, ਤਾਂ ਵੀ ਕੁੱਤਾ ਆਪਣੇ ਮਾਲਕ ਦਾ ਦਰ ਨਹੀਂ ਛੱਡਦਾ, ਅਜਿਹਾ ਆਮ ਹੀ ਮਸ਼ਹੂਰ ਹੈ ।

ਖੋਜੀਆਂ ਦਾ ਕਹਿਣਾ ਹੈ ਕਿ ਕੁੱਤੇ ਦਾ ਸਾਥ ਮਨੁੱਖ ਦੀ ਸ਼ਾਰੀਰਿਕ ਤੇ ਮਾਨਸਿਕ ਸਿਹਤ ਵਾਸਤੇ ਬਹੁਤ ਵਧੀਆ ਹੈ । ਜਿਨ੍ਹਾਂ ਲੋਕਾਂ ਨੇ ਕੁੱਤੇ ਪਾਲੇ ਹੋਏ ਹਨ, ਉਨ੍ਹਾਂ ਦੀ ਸਿਹਤ ਬਾਕੀ ਲੋਕਾਂ ਦੇ ਮੁਕਾਬਲੇ ਵਧੀਆ ਰਹਿੰਦੀ ਹੈ ਤੇ ਦਿਲ ਵੀ ਖ਼ੁਸ਼ ਰਹਿੰਦਾ ਹੈ । ਜੋ ਲੋਕ ਕੁੱਤੇ ਪਾਲਦੇ ਹਨ, ਉਨ੍ਹਾਂ ਦੀ ਸਿਹਤ ਵਧੀਆ ਰਹਿਣ ਦਾ ਇੱਕ ਕਾਰਣ ਇਹ ਵੀ ਹੈ ਕਿ ਕੁੱਤੇ ਦੀ ਦੇਖਭਾਲ ਕਰਦਿਆਂ ਉਨ੍ਹਾਂ ਦੀ ਚੰਗੀ ਕਸਰਤ ਹੋ ਜਾਂਦੀ ਹੈ ।

ਕੁੱਤਾ ਇੱਕ ਚੰਗੇ ਦੋਸਤ ਵਾਂਗ ਆਪਣੇ ਮਾਲਕ ਦੇ ਦੁੱਖ-ਸੁੱਖ ਨੂੰ ਮਹਿਸੂਸ ਕਰਨ ਦੀ ਸਮਰਥਾ ਰੱਖਦਾ ਹੈ । ਇਸ ਬਾਰੇ ਕਈ ਕਹਾਣੀਆਂ ਸਾਨੂੰ ਸੁਣਨ ਲਈ ਮਿਲ ਜਾਂਦੀਆਂ ਹਨ । ਉਹ ਅਪਾਹਿਜ ਲੋਕ, ਜਿਨ੍ਹਾਂ ਨੇ ਕੁੱਤਾ ਰੱਖਿਆ ਹੁੰਦਾ ਹੈ, ਅਜਨਬੀ ਲੋਕਾਂ ਨੂੰ ਮਿਲਣ ਲੱਗਿਆਂ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ । ਡਿਪ੍ਰੈਸ਼ਨ ਆਦਿ ਮਾਨਸਿਕ ਸਮੱਸਿਆਵਾਂ ਤੋਂ ਪ੍ਰੇਸ਼ਾਨ ਲੋਕਾਂ ਲਈ ਕੁੱਤਾ ਬਹੁਤ ਵਧੀਆ ਮਦਦਗਾਰ ਸਾਬਿਤ ਹੁੰਦਾ ਹੈ ।

ਕੁੱਤਾ ਹਜ਼ਾਰਾਂ ਸਾਲਾਂ ਤੋਂ ਮਨੁੱਖਾਂ ਦੇ ਨਾਲ ਵਿਚਰਦਾ ਆ ਰਿਹਾ ਹੈ । ਮਨੁੱਖੀ ਇਤਿਹਾਸ ਵਿੱਚ ਕੁੱਤਿਆਂ ਦਾ ਜ਼ਿਕਰ ਮੁੱਢ ਤੋਂ ਹੀ ਮਿਲਦਾ ਹੈ । ਦੁਨੀਆਂ ਭਰ ਦੇ ਸਾਹਿਤ ਵਿੱਚ ਕੁੱਤਿਆਂ ਦਾ ਵਰਣਨ ਹੈ । ਬੁੱਲ੍ਹੇ ਸ਼ਾਹ ਨੇ ਵੀ ਕੁੱਤੇ ਦਾ ਜ਼ਿਕਰ ਕਰਦਿਆਂ ਆਖਿਆ ਸੀ :

> ਬੁਲ੍ਹਿਆ ! ਰਾਤੀਂ ਜਾਗੇਂ, ਦਿਨੇਂ ਪੀਰ ਸਦਾਵੇਂ,
> ਰਾਤੀਂ ਜਾਗਣ ਕੁੱਤੇ,
> ਤੈਂ ਥੀਂ ਉੱਤੇ ।

ਗੁਰਬਾਣੀ ਵਿੱਚ ਅਨੇਕ ਥਾਵਾਂ ਉੱਤੇ ਬਾਣੀਕਾਰਾਂ ਨੇ ਆਪਣੇ-ਆਪ ਨੂੰ ਕੁੱਤਾ (ਕੂਕਰ) ਆਖਿਆ ਹੈ, ਜਿਵੇਂ :

> ਹਮ ਕੂਕਰ ਤੇਰੈ ਦਰਬਾਰਿ ॥ (ਅੰਗ ੯੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਅਤੇ

> ਕਬੀਰ ਕੂਕਰੁ ਰਾਮ ਕਉ (ਅੰਗ ੧੩੬੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਕੁੱਤੇ ਵਿੱਚ ਕੁੱਝ ਔਗੁਣ ਵੀ ਹਨ ਤੇ ਗੁਰਬਾਣੀ ਨੇ ਇਨ੍ਹਾਂ ਔਗੁਣਾਂ ਦੀ ਵੀ ਗੱਲ ਕੀਤੀ ਹੈ, ਪਰ ਜੋ ਵੀ ਹੋਵੇ, ਕੁੱਤਿਆਂ ਦੇ ਔਗੁਣਾਂ ਨਾਲੋਂ ਉਸ ਦੇ ਗੁਣ ਜ਼ਿਆਦਾ ਹਨ ।

ਇੱਕ ਗੁਣ ਕੁੱਤੇ ਵਿੱਚ ਅਜਿਹਾ ਹੈ, ਜੋ ਉਸ ਦੇ ਔਗੁਣਾਂ ਨੂੰ ਛੁਪਾ ਲੈਂਦਾ ਹੈ । ਇਹ ਗੁਣ ਹੈ ਵਫ਼ਾਦਾਰੀ ਦਾ । ਸ੍ਰੀ ਸਤਿਗੁਰੂ ਤੇਗ਼ ਬਹਾਦੁਰ ਸਾਹਿਬ ਨੇ ਵੀ ਕੁੱਤੇ (ਸੁਆਨ) ਦੇ ਆਪਣੇ ਮਾਲਕ (ਸੁਆਮੀ) ਪ੍ਰਤੀ ਵਫ਼ਾਦਾਰ ਹੋਣ ਦੇ ਗੁਣ ਦਾ ਜ਼ਿਕਰ ਕਰਦਿਆਂ ਇੱਕ-ਮਨ ਤੇ ਇੱਕ-ਚਿੱਤ ਹੋ ਕੇ ਹਰੀ ਦੀ ਭਗਤੀ ਕਰਨ ਦੀ ਗੱਲ ਆਖੀ ਹੈ :

> ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
> ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥੪੫॥
> (੧੪੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਸ੍ਰੀ ਸਤਿਗੁਰੂ ਜੀ ਆਖਦੇ ਹਨ ਕਿ ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਕਦੇ ਨਹੀਂ ਛੱਡਦਾ, ਹੇ ਨਾਨਕ ! ਇਸ ਤਰ੍ਹਾਂ ਹੀ ਇੱਕ ਮਨ ਹੋ ਕੇ, ਇੱਕ ਚਿੱਤ ਹੋ ਕੇ ਹਰੀ ਦਾ ਭਜਨ ਕੀਤਾ ਜਾਣਾ ਚਾਹੀਦਾ ਹੈ ।

'**ਸੁਆਮੀ ਕੋ ਗ੍ਰਿਹੁ**', ਸੁਆਮੀ ਦਾ ਗ੍ਰਹਿ, ਮਾਲਕ ਦਾ ਘਰ । **ਸੁਆਨ** ਕੁੱਤੇ ਨੂੰ ਆਖਦੇ ਹਨ । '**ਤਜਤ** ਨਹੀਂ', ਤਿਆਗਦਾ ਨਹੀਂ, ਛੱਡਦਾ ਨਹੀਂ । ਭਾਵ, ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਕਦੇ ਤਿਆਗਦਾ ਨਹੀਂ ਹੈ ।

'**ਨਾਨਕ**', ਆਪਣੇ ਆਪ ਨੂੰ ਸੰਬੋਧਨ ਕਰਦੇ ਸਤਿਗੁਰੂ ਜੀ ਆਖਦੇ ਹਨ 'ਹੇ ਨਾਨਕ!'. '**ਇਹ ਬਿਧਿ**', ਇਸ ਵਿਧੀ ਨਾਲ, ਇਸ ਤਰੀਕੇ ਨਾਲ । '**ਹਰਿ ਭਜਉ**', ਹਰੀ ਦਾ ਭਜਨ ਕਰੋ, ਪ੍ਰਭੂ ਦੀ ਬੰਦਗੀ/ਸਿਮਰਨ ਕਰੋ। '**ਇਕ ਮਨਿ ਹੁਇ**', ਇੱਕ ਮਨ ਹੋ ਕੇ, ਮਨ ਦੀ ਅਜਿਹੀ ਅਵਸਥਾ ਬਣਾ ਕੇ, ਜਦੋਂ ਕੋਈ ਹੋਰ ਵੀਚਾਰ ਮਨ ਵਿੱਚ ਨਾ ਰਹੇ । '**ਇਕਿ ਚਿਤਿ**', ਇੱਕ ਚਿੱਤ ਹੋ ਕੇ, ਜਦੋਂ ਚਿੱਤ ਦੀ ਅਵਸਥਾ ਅਜਿਹੀ ਹੋ ਜਾਏ ਕਿ ਚਿੱਤ ਪ੍ਰਭੂ ਦਾ ਹੀ ਰੂਪ ਬਣ ਜਾਏ ।

'**ਇਹ ਬਿਧਿ**'। ਕਿਹੜੀ '**ਬਿਧਿ**'? ਕਿਹੜੀ ਵਿਧੀ? ਪਹਿਲੀ ਪੰਕਤੀ ਵਿੱਚ ਕੁੱਤੇ ਦੀ ਵਫ਼ਾਦਾਰੀ ਦਾ ਜ਼ਿਕਰ ਕੀਤਾ । ਵਫ਼ਾਦਾਰੀ ਦੀ ਉਹ ਹੀ ਵਿਧੀ ਵਰਤੋ ਪ੍ਰਭੂ ਪ੍ਰਤੀ ਵੀ । ਕੋਈ ਵੀ ਸਥਿੱਤੀ ਹੋਏ, ਕੁੱਤਾ ਆਪਣੇ ਮਾਲਕ ਦਾ ਘਰ ਨਹੀਂ ਛੱਡਦਾ । ਭਗਤ ਵੀ ਵਫ਼ਾਦਾਰੀ ਦੀ ਉਹ ਹੀ ਵਿਧੀ ਵਰਤੇ । ਮਾਲਕ ਪ੍ਰਭੂ ਜਿਸ ਤਰ੍ਹਾਂ ਰੱਖੇ, ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣਾ।

ਸ੍ਰੀ ਸਤਿਗੁਰੂ ਰਾਮਦਾਸ ਜੀ ਮਹਾਰਾਜ ਨੇ ਕਿੰਨਾ ਸੁੰਦਰ ਆਖਿਆ: -

> ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥
> ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥
> ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥
> ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
> ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥
> ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥੭॥
> ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥
> ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥
> (੭੫੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਸ੍ਰੀ ਸਤਿਗੁਰੂ ਰਾਮਦਾਸ ਜੀ ਮਹਾਰਾਜ ਆਖਦੇ ਹਨ ਕਿ ਹੇ ਪ੍ਰਭੂ ! ਜੇ ਤੂੰ ਮੈਨੂੰ ਸੁੱਖ ਦਵੇਂ, ਤਾਂ ਮੈਂ ਤੈਨੂੰ ਹੀ ਆਰਾਧਦਾ ਰਹਾਂ, ਜੇ ਦੁੱਖਾਂ ਵਿੱਚ ਹੋਵਾਂ, ਤਾਂ ਵੀ ਤੈਨੂੰ ਹੀ ਧਿਆਉਂਦਾ ਰਹਾਂ ।੨। ਜੇ ਤੂੰ ਮੈਨੂੰ ਭੁੱਖ ਦੇ ਦੇਵੇਂ, ਤਾਂ ਇਸ (ਭੁੱਖ) ਵਿੱਚ ਵੀ ਮੈਂ ਰੱਜਿਆਂ ਹੀ ਰਹਾਂ । (ਤੇਰੇ ਦਿੱਤੇ) ਦੁੱਖਾਂ ਵਿੱਚ ਸੁੱਖ ਹੀ ਮਾਣਦਾ ਰਹਾਂ ।੩। ਆਪਣਾ ਤਨ ਤੇ ਮਨ ਕੱਟ-ਕੱਟ ਕੇ ਸਭ ਤੇਰੇ ਲਈ ਅਰਪਣਾ ਕਰ ਦੇਵਾਂ। ਅੱਗ ਵਿੱਚ ਖ਼ੁਦ ਨੂੰ ਜਲਾ ਦਵਾਂ ।੪। (ਤੇਰੇ ਲਈ) ਪੱਖਾ ਝੱਲਾਂ, (ਤੇਰੇ ਲਈ) ਪਾਣੀ ਢੋਵਾਂ। (ਜੇ ਪ੍ਰਭੂ !) ਜੋ ਤੂੰ ਦੇਵੇਂ, ਉਹ ਹੀ ਮੈਂ ਖਾ ਲਵਾਂ।੫। (ਮਹਾਰਾਜ ਕਹਿੰਦੇ ਹਨ ਕਿ ਮੈਂ) ਗ਼ਰੀਬ ਨਾਨਕ ਤੇਰੇ ਬੂਹੇ 'ਤੇ ਆ ਡਿੱਗਿਆ ਹਾਂ, ਹੇ ਪ੍ਰਭੂ! ਮੈਨੂੰ ਆਪਣੇ ਵਿੱਚ ਮਿਲਾ ਲਉ, ਇਹ ਹੀ ਤੁਹਾਡੀ ਵਡਿਆਈ ਹੈ ।੬। (ਆਪਣੀਆਂ) ਅੱਖਾਂ ਕੱਢ ਕੇ (ਪ੍ਰਭੂ ਦੇ) ਚਰਣਾਂ ਦੇ ਥੱਲੇ ਧਰ ਦਵਾਂ । ਸਾਰੀ ਧਰਤੀ 'ਤੇ (ਵੀ ਜੇ ਮੈਨੂੰ ਤੇਰੀ ਤਲਾਸ਼ ਵਿੱਚ ਫਿਰਨਾ ਪਵੇ, ਤਾਂ ਮੈਂ) ਫਿਰਾਂ, (ਇਹ ਸੋਚ ਕੇ ਕਿ) ਮਤਾਂ ਮੈਨੂੰ ਪ੍ਰਭੂ ਮਿਲ ਜਾਏ, ਸ਼ਾਇਦ ਪਰਮਾਤਮਾ ਨਾਲ ਮੇਰਾ ਮੇਲ ਹੋ ਜਾਏ।੭। ਜੇ ਤੂੰ ਮੈਨੂੰ ਆਪਣੇ ਕੋਲ ਬਿਠਾ ਲਵੇਂ, ਤਾਂ ਮੈਂ ਤੈਨੂੰ ਆਰਧਦਾ ਰਹਾਂ । ਜੇ ਤੂੰ ਮਾਰ ਕੇ (ਆਪਣੇ ਦਰ ਤੋਂ) ਕੱਢ ਦਵੇਂ, ਤਾਂ ਵੀ ਮੈਂ ਤੈਨੂੰ ਧਿਆਉਂਦਾ ਰਹਾਂ । ੮। ਜੇ ਦੁਨੀਆਂ ਮੇਰੀ ਸਿਫ਼ਤ ਕਰੇ, ਤਾਂ ਵੀ ਮੈਂ ਤੇਰੀ (ਹੀ) ਉਪਮਾ ਕਰਦਾ ਰਹਾਂ । ਜੇ ਸਮਾਜ ਮੇਰੀ ਨਿੰਦਾ ਕਰੇ, ਤਾਂ ਵੀ (ਮੈਂ ਤੇਰੀ ਭਗਤੀ) ਛੱਡ ਕੇ ਨਾ ਜਾਵਾਂ। ੯।

ਇਹ ਹੈ ਵਫ਼ਾਦਾਰੀ ਪ੍ਰਭੂ ਪ੍ਰਤੀ। ਪ੍ਰਭੂ ਜਿਸ ਵੀ ਅਵਸਥਾ ਵਿੱਚ ਰੱਖੇ, ਭਗਤ ਉਸ ਵਿੱਚ ਹੀ ਰਾਜ਼ੀ ਹੈ, ਖ਼ੁਸ਼ ਹੈ ।

ਅਜਿਹੀ ਵਫ਼ਾਦਾਰੀ ਦੀ ਹੀ ਗੱਲ ਸ੍ਰੀ ਸਤਿਗੁਰੂ ਤੇਗ਼ ਬਹਾਦੁਰ ਸਾਹਿਬ ਨੇ ਕੀਤੀ ਹੈ, ਜਦੋਂ ਉਨ੍ਹਾਂ ਆਖਿਆ: -

> ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
> ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥੪੫॥
> (੧੪੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਵਫ਼ਾਦਾਰੀ ਦੁਰਲੱਭ ਹੋ ਗਈ ਹੈ ਅੱਜਕਲ੍ਹ। ਨਾ ਪਰਿਵਾਰ ਪ੍ਰਤੀ ਵਫ਼ਾਦਾਰੀ ਰਹੀ, ਨਾ ਦੋਸਤਾਂ ਪ੍ਰਤੀ । ਨਾ ਸਮਾਜ ਪ੍ਰਤੀ ਵਫ਼ਾਦਾਰੀ ਰਹੀ, ਨਾ ਧਰਮ ਪ੍ਰਤੀ ।

ਪਰਿਵਾਰ ਪ੍ਰਤੀ ਵਫ਼ਾਦਾਰੀ ਕੀ ਹੈ? ਜਿਸ ਪਰਿਵਾਰ ਨੇ, ਜਾਂ ਜਿਨ੍ਹਾਂ ਪਾਰਿਵਾਰਿਕ ਜੀਵਾਂ ਨੇ ਪਾਲ-ਪੋਸ ਕੇ ਵੱਡਾ ਕੀਤਾ, ਪੜ੍ਹਾਇਆ-ਲਿਖਾਇਆ, ਰੋਜ਼ਗਾਰ ਜੋਗਾ ਬਣਾਇਆ, ਉਸ ਪਰਿਵਾਰ ਜਾਂ ਪਰਿਵਾਰ ਦੇ ਜੀਵਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੀ ਪਰਿਵਾਰ ਪ੍ਰਤੀ ਵਫ਼ਾਦਾਰੀ ਹੈ ।

ਪ੍ਰੰਤੂ, ਜ਼ਿਆਦਾਤਰ ਹੁੰਦਾ ਕੀ ਹੈ? ਜਿਸ ਪਰਿਵਾਰ ਨੇ, ਜਾਂ ਜਿਨ੍ਹਾਂ ਪਾਰਿਵਾਰਿਕ ਜੀਵਾਂ ਨੇ ਪਾਲ-ਪੋਸ ਕੇ ਵੱਡਾ ਕੀਤਾ, ਪੜ੍ਹਾਇਆ-ਲਿਖਾਇਆ, ਰੋਜ਼ਗਾਰ ਜੋਗਾ ਬਣਾਇਆ, ਉਸ ਪਰਿਵਾਰ ਜਾਂ ਪਰਿਵਾਰ ਦੇ ਜੀਵਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਭੁੱਲ ਕੇ ਲੋਭੀ ਵਿਅਕਤੀ ਆਪਣੇ ਹੀ ਸੁੱਖਾਂ ਲਈ ਯਤਨਸ਼ੀਲ ਹੋ ਜਾਂਦਾ ਹੈ । ਵਿਆਹ ਹੋ ਗਿਆ, ਤਾਂ ਜੀਵ ਆਪਣੇ ਮਾਂ-ਬਾਪ ਆਦਿ ਪ੍ਰਤੀ ਆਪਣੀ ਜ਼ਿੰਮੇਵਾਰੀ ਭੁੱਲ ਕੇ ਆਪਣੀ ਪਤਨੀ ਨੂੰ ਨਾਲ ਲੈ ਕੇ ਮਾਂ-ਬਾਪ ਤੋਂ ਅੱਡ ਹੋ ਜਾਂਦਾ ਹੈ ।

ਜਦੋਂ ਪੈਦਾ ਹੋਏ, ਤਾਂ ਪ੍ਰਭੂ-ਸਾਂਈ ਨੂੰ ਵਿਸਾਰ ਦਿੱਤਾ, ਜਦੋਂ ਵਿਆਹੇ ਗਏ, ਤਾਂ ਮਾਂ-ਬਾਪ ਨੂੰ ਭੁਲਾ ਦਿੱਤਾ।

ਭਾਈ ਗੁਰਦਾਸ ਜੀ ਨੇ ਇਸ ਬਾਰੇ ਇੰਞ ਲਿੱਖਿਆ ਹੈ: -

> ਕਾਮਣਿ ਕਾਮਣਿਆਰੀਐ ਕੀਤੋ ਕਾਮਣੁ ਕੰਤ ਪਿਆਰੇ॥
> ਜੰਮੇ ਸਾਂਈ ਵਿਸਾਰਿਆ ਵੀਵਾਹਿਆਂ ਮਾਂ ਪਿਅ ਵਿਸਾਰੇ ॥
> ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ ॥
> ਪੁਤ ਨੂਹੈਂ ਦਾ ਮੇਲੁ ਵੇਖਿ ਅੰਗ ਨਾ ਮਾਥਨਿ ਮਾਂ ਪਿਉ ਵਾਰੇ ॥
> ਨੂੰਹ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ ॥
> ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ ॥
> ਲੋਕਾਚਾਰਿ ਹੋਇ ਵਡੇ ਕੁਚਾਰੇ ॥੧੨॥
> (ਵਾਰ ੩੭)।

ਦੋਸਤਾਂ ਪ੍ਰਤੀ ਵਫ਼ਾਦਾਰੀ ਹੁਣ ਲੱਗਭੱਗ ਕਿਤਾਬਾਂ ਵਿੱਚ ਹੀ ਲਿਖੀ ਰਹਿ ਗਈ ਹੈ । ਸ਼ਾਇਰ ਬਸ਼ੀਰ ਬਦਰ ਦਾ ਇੱਕ ਸ਼ੇਅਰ ਹੈ: -

> ਦੋਸਤੋਂ ਸੇ ਵਫ਼ਾ ਕੀ ਉੱਮੀਦੇਂ,
> ਕਿਸ ਜ਼ਮਾਨੇ ਕੇ ਆਦਮੀ ਤੁਮ ਹੋ?

ਅਜੋਕੇ ਸਮੇਂ ਦੌਰਾਨ ਰਾਜਨੀਤੀ ਵਿੱਚ ਵਫ਼ਾ ਦੀ ਉੱਮੀਦ ਕਰਨਾ ਹੀ ਬੇਵਕੂਫ਼ੀ ਮੰਨਿਆ ਜਾਏਗਾ । ਰਾਜਨੀਤੀ ਅੱਜ ਸਮਾਜ ਦੀ ਸੇਵਾ ਕਰਨ ਵਾਸਤੇ ਨਹੀਂ, ਬਲਕਿ ਆਪਣਾ ਘਰ ਭਰਨ ਵਾਸਤੇ ਹੀ ਸਮਝੀ ਜਾਂਦੀ ਹੈ । ਰਾਜਨੀਤੀ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਰੱਖਣ ਵਾਲੇ ਵੀ ਜਾਣਦੇ ਹਨ ਕਿ ਅਜੋਕੀ ਰਾਜਨੀਤੀ ਵਿੱਚ ਵਫ਼ਾਦਾਰੀ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹੀ । ਆਪਣੀ ਸਿਆਸੀ ਪਾਰਟੀ ਵਿੱਚ ਕੋਈ ਅਹੁਦਾ ਨਹੀਂ ਮਿਲਿਆ, ਤਾਂ ਪਾਰਟੀ ਛੱਡ ਦਿੱਤੀ । ਚੋਣ ਲੜਨ ਲਈ ਟਿਕਟ ਨਹੀਂ ਮਿਲੀ, ਤਾਂ ਪਾਰਟੀ ਛੱਡ ਦਿੱਤੀ । ਦੂਜੀ ਪਾਰਟੀ ਵੱਲੋਂ ਚੰਗੇ ਅਹੁਦੇ ਦੀ ਪੇਸ਼ਕਸ਼ ਹੋਈ, ਤਾਂ ਪਾਰਟੀ ਛੱਡ ਦਿੱਤੀ । ਇੱਕ ਵਾਰ ਪਾਰਟੀ ਛੱਡ ਦੇਣ ਤੋਂ ਬਾਅਦ ਉਸੀ ਪਾਰਟੀ ਵੱਲੋਂ ਕੋਈ ਲਾਲਚ ਦੇ ਦਿੱਤਾ ਗਿਆ, ਤਾਂ ਵਾਪਸ ਉਸੀ ਪਾਰਟੀ ਵਿੱਚ ਜਾਣ ਤੋਂ ਵੀ ਕੋਈ ਸੰਕੋਚ ਨਹੀਂ । ਵਫ਼ਾਦਾਰੀ ਨਹੀਂ, ਬਲਕਿ ਨਿਜੀ ਫ਼ਾਇਦੇ ਹੀ ਦੇਖੇ ਜਾਂਦੇ ਹਨ ਅਜੋਕੀ ਸਿਆਸਤ ਵਿੱਚ ।

ਵਫ਼ਾਦਾਰੀ ਦੀ ਕਮੀ ਹੁਣ ਮਜ਼ਹਬ ਦੀ ਦੁਨੀਆਂ ਵਿੱਚ ਵੀ ਖ਼ੂਬ ਦੇਖਣ ਨੂੰ ਮਿਲਦੀ ਹੈ । ਕੁੱਝ-ਕੁ ਸਹੂਲਤਾਂ ਜਾਂ ਪੈਸਿਆਂ ਦੇ ਲਾਲਚ ਵਿੱਚ ਕਈ ਲੋਕ ਆਪਣਾ ਮਜ਼ਹਬ ਤਕ ਤਬਦੀਲ ਕਰਨ ਵਿੱਚ ਵੀ ਝਿੱਝਕ ਮਹਿਸੂਸ ਨਹੀਂ ਕਰਦੇ । ਸਿਆਸੀ ਫ਼ਾਇਦੇ ਲਈ ਵੀ ਮਜ਼ਹਬ ਬਦਲਣ ਲੱਗਿਆਂ ਕੁੱਝ ਲੋਕ ਦੇਰ ਨਹੀਂ ਲਾਉਂਦੇ । ਇਹ ਕਹਿਣਾ ਗ਼ਲਤ ਨਹੀਂ ਹੋਏਗਾ ਕਿ ਬਹੁਤ ਵਾਰੀ ਮਜ਼ਹਬ ਨੂੰ ਸਿਆਸੀ ਤਾਕਤ ਹਾਸਿਲ ਕਰਨ ਲਈ ਇੱਕ ਔਜ਼ਾਰ ਤੋਂ ਜ਼ਿਆਦਾ ਕੁੱਝ ਨਹੀਂ ਸਮਝਿਆ ਜਾਂਦਾ । ਬਹੁਤੀ ਜਗ੍ਹਾ ਮਜ਼ਹਬੀ ਰਹਿਨੁਮਾ ਆਪਣੇ ਸਿਆਸੀ ਆਕਾਵਾਂ ਦੇ ਹੁਕਮ ਮੰਨਣ ਵਾਲੇ ਹੀ ਹੁੰਦੇ ਹਨ।

ਜਿਹੜੇ ਸਮਾਜ ਵਿੱਚ ਨਾ ਪਰਿਵਾਰ ਪ੍ਰਤੀ ਵਫ਼ਾਦਾਰੀ ਹੈ, ਨਾ ਦੋਸਤਾਂ ਪ੍ਰਤੀ; ਨਾ ਸਮਾਜ ਪ੍ਰਤੀ ਵਫ਼ਾਦਾਰੀ ਹੈ, ਨਾ ਮਜ਼ਹਬ ਪ੍ਰਤੀ; ਉੱਥੇ ਪ੍ਰਭੂ ਪ੍ਰਤੀ ਵਫ਼ਾਦਾਰੀ ਰੱਖਣ ਵਾਲੇ ਕਿੰਨੇ-ਕੁ ਲੋਕ ਹੋਣਗੇ?

ਜਿਹੜੇ ਸਮਾਜ ਵਿੱਚ ਵਫ਼ਾਦਾਰ ਇਨਸਾਨ ਘੱਟ ਹੀ ਮਿਲਦੇ ਹੋਣ, ਉੱਥੇ ਕੁੱਤਿਆਂ ਦੀ ਵਫ਼ਾਦਾਰੀ ਦੀਆਂ ਕਹਾਣੀਆਂ ਸੁਣਨਾ ਬੜਾ ਚੰਗਾ ਲੱਗਦਾ ਹੈ। ਕੁੱਤੇ ਦੀ ਵਫ਼ਾਦਾਰੀ ਤੋਂ ਜੇ ਇਨਸਾਨ ਕੁੱਝ ਸਿੱਖਿਆ ਹਾਸਿਲ ਕਰ ਲਵੇ, ਤਾਂ ਬੜੀ ਚੰਗੀ ਗੱਲ ਹੋਏਗੀ।

ਜਿਵੇਂ ਕੁੱਤਾ ਆਪਣੇ ਮਾਲਕ ਪ੍ਰਤੀ ਵਫ਼ਾਦਾਰ ਹੁੰਦਾ ਹੈ ਤੇ ਉਸ ਨੂੰ ਕਦੇ ਛੱਡਦਾ ਨਹੀਂ, ਉਸੇ ਤਰ੍ਹਾਂ ਸਾਨੂੰ ਵੀ ਆਪਣੇ ਪ੍ਰਭੂ ਮਾਲਕ ਪ੍ਰਤੀ ਵਫ਼ਾਦਾਰ ਰਹਿ ਕੇ ਉਸ ਦੀ ਭਗਤੀ ਵਿੱਚ ਲੱਗਣਾ ਚਾਹੀਦਾ ਹੈ। ਦੁਨੀਆਵੀ ਵਸਤਾਂ, ਧਨ-ਦੌਲਤ, ਸਿਆਸੀ ਜਾਂ ਸਮਾਜਿਕ ਅਹੁਦਿਆਂ ਦੇ ਲਾਲਚ ਪਿੱਛੇ ਲੱਗ ਕੇ ਪ੍ਰਭੂ-ਭਗਤੀ ਦਾ ਤਿਆਗ ਨਹੀਂ ਕਰ ਦੇਣਾ ਚਾਹੀਦਾ।

ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਕਦੇ ਨਹੀਂ ਛੱਡਦਾ, ਉਸੇ ਤਰ੍ਹਾਂ ਹੀ ਇੱਕ ਮਨ ਹੋ ਕੇ, ਇੱਕ ਚਿੱਤ ਹੋ ਕੇ ਹਰੀ ਦਾ ਭਜਨ ਕੀਤਾ ਜਾਣਾ ਚਾਹੀਦਾ ਹੈ।

> ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
> ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥੪੫॥
> (੧੪੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

-o-